# ਨੌਜਵਾਨ ਪਾਰਟੀ ਦੀ ਮਜ਼ਬੂਤੀ ਲਈ ਅੱਗੇ ਆਉਣ- ਕਾਂਝਲਾ

ਮਨਾਲ, ਮਹਿਲ ਕਲਾਂ, 4 ਜੁਲਾਈ (ਸੁਖਵਿੰਦਰ ਸੋਨੀ, ਬਲਵਿੰਦਰ ਵਜੀਦਕੇ)- ਵਿਧਾਨ ਸਭਾ ਹਲਕਾ ਮਹਿਲ ਕਲਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦਕ ਸ਼ਕਤੀ ਨੂੰ ਹੋਰ ਵਧੇਰੇ ਮਜ਼ਬੂਤ ਬਣਾਉਣ ਲਈ ਨੌਜਵਾਨ ਵਰਗ ਨੂੰ ਸ਼ਕੀਤ ਦਿੱਤੀ ਜਾ ਰਹੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਮੀਤ ਪ੍ਰਧਾਨ, ਸਾਬਕਾ ਕੈਬਨਿਟ ਮੰਤਰੀ ਸ. ਗੋਬਿੰਦ ਸਿੰਘ ਕਾਂਝਲਾ ਪ੍ਰਮੁੱਖ ਹਲਕਾ ਇੰਚਾਰਜ ਨੇ ਪਿੰਡ ਪੰਡੋਰੀ ਵਿਖੇ ਸ. ਪਲਵਿੰਦਰ ਸਿੰਘ ਇੰਗਲੈਂਡ ਵਾਲਿਆਂ ਦੇ ਨਿਵਾਸ ਸਥਾਨ ਉੱਪਰ ਵਰਕਰਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਸ. ਕਾਂਝਲਾ ਨੇ ਇਸ ਮੌਕੇ ਯੂਥ ਅਕਾਲੀ ਦਲ ਹਲਕਾ ਮਹਿਲ ਕਲਾਂ ਦਾ ਜਨਰਲ ਸਕੱਤਰ ਸ. ਕੁਲਜੀਤ ਸਿੰਘ ਧਾਲੀਵਾਲ ਪੰਡੋਰੀ ਅਤੇ ਹਲਕਾ ਪਾਰਟੀ ਦਾ ਜਨਰਲ ਸਕੱਤਰ ਨਿਰਮਲ ਸਿੰਘ ਪੰਡੋਰੀ ਨੂੰ ਨਿਯੁਕਤ ਕੀਤੇ ਜਾਣ ਦਾ ਐਲਾਨ ਵੀ ਕੀਤਾ। ਉਨ੍ਹਾਂ ਦੱਸਿਆ ਕਿ ਹਲਕਾ ਪਾਰਟੀ ਅੰਦਰ ਵਧੇਰੇ ਜੋਸ਼ ਭਰਨ ਲਈ ਨੌਜਵਾਨਾਂ ਨੂੰ ਹੋਰ ਪ੍ਰਤੀਨਧਤਾ ਸੌਂਪੀ ਜਾਵੇਗੀ। ਸ. ਕਾਂਝਲਾ ਨੇ ਦੱਸਿਆ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਮਹਿਕਮਿਆਂ ਵਿਚ ਭਰਤੀ ਦੇ ਦਰਵਾਜ਼ੇ ਖੋਲ੍ਹੇ ਗਏ ਹਨ ਜਿਸ ਨਾਲ ਨਿਰਾਸ਼ਤਾ ਦੇ ਆਲਮ ਵਿਚੋਂ ਗੁਜ਼ਰ ਦੀ ਜੁਆਨੀ ਨੂੰ ਕੁਝ ਰਾਹਤ ਮਿਲੇਗੀ। ਹਲਕੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਚਰਚਾ ਕਰਦਿਆਂ ਸ. ਕਾਂਝਲਾ ਨੇ ਦੱਸਿਆ ਕਿ ਪਿੰਡ ਪੰਡੋਰੀ ਤੋਂ ਨਿਹਾਲੂਵਾਲ ਤੱਕ 30 ਲੱਖ ਰੁਪਏ ਦੀ ਲਾਗਤ ਨਾਲ ਲਿੰਕ ਸੜਕ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਹੀ ਗੁਆਂਢੀ ਪਿੰਡ ਗੰਗੋਹਰ ਵਿਖੇ ਵੱਖ-ਵੱਖ ਕਾਰਜਾਂ ਉੱਪਰ 41 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਅਗਲੇ ਦਿਨਾਂ ਵਿਚ ਹਲਕੇ ਲਈ 10 ਕਰੋੜ ਰੁਪਏ ਦੀ ਗਰਾਂਟ ਜਾਰੀ ਹੋ ਰਹੀ ਹੈ, ਜਿਸ ਨਾਲ ਹਰ ਪਿੰਡ ਨੂੰ ਨਮੂਨੇ ਦਾ ਪਿੰਡ ਬਣਾਇਆ ਜਾਵੇਗਾ। ਸ. ਕਾਂਝਲਾ ਨੇ ਹਲਕੇ ਦੇ ਸਮੂਹ ਲੋਕਾਂ ਨੂੰ 5 ਜੁਲਾਈ ਨੂੰ ਹੋ ਰਹੇ ਭਾਰਤ ਬੰਦ ਦੇ ਸੱਦੇ ਨੂੰ ਪੂਰਨ ਸਮਰਥਨ ਦੇਣ ਦੀ ਅਪੀਲ ਕੀਤੀ। ਇਸ ਸਮੇਂ ਮੈਂਬਰ ਸ਼੍ਰੋਮਣੀ ਕਮੇਟੀ ਸੰਤ ਜਸਵੀਰ ਸਿੰਘ ਖ਼ਾਲਸਾ, ਸਰਪੰਚ ਸੁਖਵਿੰਦਰ ਸਿੰਘ ਚਹਿਲ ਨਿਹਾਲੂਵਾਲ, ਕੇਵਲ ਸਿੰਘ ਧਾਲੀਵਾਲ, ਕਲੱਕਟਰ ਸਿੰਘ ਪੰਡੋਰੀ, ਡਾ. ਹਰਨੇਕ ਸਿੰਘ, ਬਲਵੰਤ ਸਿੰਘ, ਮਲਕੀਤ ਸਿੰਘ ਫੌਜੀ, ਦਰਸ਼ਨ ਸਿੰਘ ਜੌਹਲ, ਪ੍ਰਧਾਨ ਅਜੈਬ ਸਿੰਘ, ਮਨਦੀਪ ਗਰੇਵਾਲ, ਪੰਚ ਕੇਵਲ ਸਿੰਘ, ਮਾਸਟਰ ਦਰਸ਼ਨ ਸਿੰਘ ਆਦਿ ਪਤਵੰਤੇ ਹਾਜ਼ਰ ਸਨ।



ਪਿੰਡ ਪੰਡੋਰੀ ਵਿਖੇ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਪ੍ਰਮੁੱਖ ਹਲਕਾ ਇੰਚਾਰਜ ਸ: ਗੋਬਿੰਦ ਸਿੰਘ ਕਾਂਝਲਾ, ਸਾਬਕਾ ਕੈਬਨਿਟ ਮੰਤਰੀ ਵਰਕਰਾਂ ਨਾਲ। ਫੋਟੋ: ਸੋਨੀ ਮਾਂਗੇਵਾਲ, ਬਲਵਿੰਦਰ ਵਜੀਦਕੇ

## ਦਾਜ਼ ਮੰਗਣ ਦੇ ਦੋਸ਼ ਅਧੀਨ ਮੁਕੱਦਮਾ ਦਰਜ਼

ਫਰੀਦਕੋਟ, 4 ਜੁਲਾਈ (ਸਰਬਜੀਤ ਟੀਟੂ)-ਇੱਕ ਵਿਆਹੁਤਾ ਨੂੰ ਦਾਜ ਲਈ ਤੰਗ ਅਤੇ ਪ੍ਰੇਸ਼ਾਨ ਕਰਨ ਦੇ ਦੋਸ਼ ਅਧੀਨ ਥਾਨਾ ਸਿਟੀ ਵਿਖੇ ਇੱਕੋ ਪਰਿਵਾਰ ਦੇ ਪੰਜ ਜੀਆਂ ’ਤੇ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸ਼ਿਕਾਇਤ ਕਰਤਾ ਪੂਨਮ ਬਾਲਾ ਪੁੱਤਰੀ ਰਾਮ ਲਾਲ ਸ਼ਰਮਾਂ ਵਾਸੀ ਭਾਨ ਸਿੰਘ ਕਲੌਨੀ, ਗਲੀ ਨੰਬਰ 3 ਨੇ ਜ਼ਿਲ੍ਹੇ ਦੇ ਸੀਨੀਅਰ ਪੁਲਸ ਕਪਤਾਨ ਸ਼੍ਰੀ ਅਰੁਣ ਕੁਮਾਰ ਮਿੱਤਲ ਨੂੰ ਕੀਤੀ ਗਈ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੇ ਸਹੁਰੇ ਪਰਿਵਾਰ ਦੇ ਮੈਂਬਰ ਧਰਮਵੀਰ ਪੁੱਤਰ ਨਰੇਸ਼ ਕੁਮਾਰ, ਸੀਤਾ ਰਾਣੀ ਪਤਨੀ ਨਰੇਸ਼ ਕੁਮਾਰ, ਨਰੇਸ਼ ਕੁਮਾਰ, ਅੰਨਪੂਰਨਾ ਅਤੇ ਜੋਤੀ ਪੁੱਤਰੀਆਂ ਨਰੇਸ਼ ਕੁਮਾਰ ਵਾਸੀ ਪਰਸ ਰਾਮ ਨਗਰ ਬਠਿੰਡਾ ਉਸਨੂੰ ਦਾਜ ਲਿਆਉਣ ਲਈ ਤੰਗ ਅਤੇ ਪ੍ਰੇਸ਼ਾਨ ਕਰ ਰਹੇ ਹਨ ਅਤੇ ਇਸਤੋਂ ਇਲਾਵਾ ਉਕਤ ਕਥਿੱਤ ਦੋਸ਼ੀਆਂ ਨੇ ਉਸਦੇ ਦਾਜ਼ ਦਾ ਸਮਾਨ ਵੀ ਖੁਰਦ ਕਰ ਦਿੱਤਾ। ਜ਼ਿਲ੍ਹਾ ਪੁਲਸ ਮੁਖੀ ਦੀ ਹਦਾਇਤ ’ਤੇ ਥਾਨਾ ਸਿਟੀ ਵਿਖੇ ਉਕਤ ਸਾਰੇ ਹੀ ਕਥਿੱਤ ਦੋਸ਼ੀਆਂ ਖਿਲਾਫ ਮੁਕੱਦਮਾ ਨੰਬਰ 188 ਦਰਡ ਕਰਕੇ ਇਸ ਮਾਮਲੇ ਦੀ ਤਫਤੀਸ਼ ਸਬ ਇੰਸਪੈਕਟਰ ਜਸਪਾਲ ਸਿੰਘ ਨੂੰ ਸੌਂਪ ਦਿੱਤੀ ਗਈ ਹੈ ਪ੍ਰੰਤੂ ਇਸ ਮਾਮਲੇ ’ਚ ਅਜੇ ਤੱਕ ਕਿਸੇ ਦੀ ਵੀ ਗ੍ਰਿਫਤਾਰੀ ਨਹੀ ਹੋਈ ਹੈ।



ਬਾਘਾਪੁਰਾਣਾ ਦੀਆਂ ਗਲੀਆਂ ’ਚ ਖੜ੍ਹਾ ਪਾਣੀ ਜੋ ਲੋਕਾਂ ਦੇ ਮਕਾਨਾਂ ਲਈ ਬਣ ਰਿਹੈ ਗੰਭੀਰ ਖਤਰਾ।

## ਆਖਿਰ ਕਦੋਂ ਕਰੇਗੀ ਨਗਰ ਕੌਂਸਲ ਪਾਣੀ ਦੇ ਨਿਕਾਸ ਦਾ ਉਚਿੱਤ ਪ੍ਰਬੰਧ

ਬਾਘਾ ਪੁਰਾਣਾ, 4 ਜੁਲਾਈ (ਪੱਤਰ ਪ੍ਰੇਰਕ) ਸਾਉਣ ਮਹੀਨੇ ਦੀਆਂ ਭਾਰੀ ਬਾਰਸਾਂ ਦੇ ਪਾਣੀ ਦੀ ਨਿਕਾਸੀ ਦੇ ਅਗਾਂਊ ਪ੍ਰਬੰਧ ਕਰ ਲਏ ਜਾਣ ਦੇ ਦਾਅਵੇ ਕਰਨ ਵਾਲੀ ਸਥਾਨਕ ਨਗਰ ਕੌਂਸਲ ਮਾਮੂਲੀ ਬਾਰਸਾਂ ਦੇ ਪਾਣੀ ਦੇ ਨਿਕਾਸੀ ਪ੍ਰਬੰਧਾਂ ’ਚ ਹੀ ਫੇਲ ਹੋ ਕੇ ਰਹਿ ਗਈ ਹੈ। ਹੁਣੇ-ਹੁਣੇ ਇੱਕ ਦੋ ਵਾਰ ਪਈਆ ਮਾਮੂਲੀ ਬਾਰਸ਼ਾਂ ਨੇ ਸ਼ਹਿਰ ਦੇ ਲੋਕਾਂ ਦੇ ਨੱਕ ’ਚ ਦਮ ਕਰਕੇ ਰੱਖ ਦਿੱਤਾ ਹੈ। ਅੱਜ ਅੱਧੇ ਘੰਟੇ ਦੀ ਬਾਰਸ਼ ਤੋਂ ਬਾਅਦ ਹੀ ਸ਼ਹਿਰ ਦੀਆਂ ਗਲੀਆਂ ’ਚ ਪਾਣੀ ਦੇ ਛੱਪੜ ਲੱਗੇ ਦੇਖੇ ਗਏ। ਨਾਲਿਆਂ ਦੇ ਬੇਤਰਤੀਬੇ ਨਿਰਮਾਣ ਅਤੇ ਨਾਲਿਆਂ ਦੀ ਉਚਿਤ ਸਫ਼ਾਈ ਦਾ ਨਾ ਹੋਣਾ ਪਾਣੀ ਦੇ ਨਿਕਾਸ ’ਚ ਵੱਡਾ ਅੜਿੱਕਾ ਹੈ। ਸਥਾਨਕ ਮੁੱਗਲੂ ਪੱਤੀ, ਛੱਤਾ ਖੂਹ, ਕਾਲੇਕੇ ਰੋਡ, ਪੁਰਾਣਾ ਪੱਤੀ ਅਤੇ ਮੁੱਦਕੀ ਸੜਕ ਉੱਪਰ ਪਾਣੀ ਛੱਪੜ ਵਾਂਗ ਜਮਾ ਹੋਇਆ ਵੇਖਿਆ ਗਿਆ। ਕੱਚੇ ਘਰਾਂ ’ਚ ਰਹਿੰਦੇ ਕਈ ਪਰਿਵਾਰਾਂ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਉਨ੍ਹਾਂ ਦੇ ਘਰਾਂ ਦੀਆਂ ਕੰਧਾਂ ਦੇ ਨਾਲ-ਨਾਲ ਖੜ੍ਹਦੇ ਮੀਂਹ ਦੇ ਪਾਣੀ ਕਾਰਨ ਉਨ੍ਹਾਂ ਦੇ ਮਕਾਨ ਡਿੱਗ ਸਕਦੇ ਹਨ। ਲੋਕਾਂ ਨੇ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਦੇ ਲੋਕਾਂ ਦੀ ਪਾਣੀ ਦੇ ਨਿਕਾਸ ਦੀ ਸਭ ਤੋਂ ਵੱਡੀ ਸਮੱਸਿਆ ਦੇ ਹੱਲ ਪ੍ਰਤੀ ਗੰਭੀਰ ਹੋਵੇ ਅਤੇ ਨਾਲਿਆਂ ਦੀ ਉਚਿਤ ਸਫ਼ਾਈ ਵੱਲ ਤੁਰੰਤ ਧਿਆਨ ਦੇਵੇ।

*ਰਿਫਾਇੰਨਰੀ ਦਾ ਨਾਮ ਬਦਲਣ ਦਾ ਮਸਲਾ*

# ਪ੍ਰਬੰਧਕਾਂ ਵੱਲੋਂ ਨਾਮ ਨਾ ਬਦਲਣ ਦਾ ਭਰੋਸਾ ਸ਼ੱਕ ਦੇ ਘੇਰੇ ’ਚ

ਤਲਵੰਡੀ ਸਾਬੋ, 4 ਜੁਲਾਈ (ਰਣਜੀਤ ਸਿੰਘ ਰਾਜੂ)- ਬਠਿੰਡਾ ਜ਼ਿਲ੍ਹੇ ਦੇ ਹਲਕਾ ਤਲਵੰਡੀ ਸਾਬੋ ਦੇ ਪਿੰਡ ਫੁੱਲੋ ਖਾਰੀ ਵਿਖੇ ਬਣਾਏ ਜਾ ਰਹੇ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ ਦਾ ਨਾਮ ਅਕਸਰ ਕਿਸੇ ਨਾਂ ਕਿਸੇ ਮਸਲੇ ਕਾਰਨ ਸੁਰਖੀਆਂ ਵਿਚ ਰਹਿੰਦਾ ਹੈ। ਹੁਣ ਦੇਸ਼ ਦੇ ਇਸ ਸਭ ਤੋਂ ਵੱਡੇ ਤੇਲ ਸੋਧਕ ਕਾਰਖਾਨੇ ਦਾ ਨਾਂਅ ਚੁੱਪ ਚਪੀਤੇ ਗੁਰੂ ਗੋਬਿੰਦ ਸਿੰਘ ਦੀ ਜਗ੍ਹਾ ‘ਐਚ.ਪੀ.ਸੀ.ਐੱਲ. ਮਿੱਤਲ ਐਨਰਜੀ’ ਰੱਖ ਦੇਣ ਕਾਰਨ ਸਿੱਖਾਂ ਦੇ ਧਾਰਮਿਕ ਹਲਕਿਆਂ ’ਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਉੱਧਰ ਨਾਂਅ ਬਦਲਣ ਦੇ ਫ਼ੈਸਲੇ ਤੋਂ ਬਾਅਦ ਸਿੱਖਾਂ ਦੀਆਂ ਧਾਰਮਿਕ ਅਤੇ ਰਾਜਸੀ ਸ਼ਖ਼ਸੀਅਤਾਂ ਵੱਲੋਂ ਤਿੱਖਾ ਵਿਰੋਧ ਕਰਨ ਤੇ ਭਾਵੇਂ ਰਿਫਾਇੰਨਰੀ (ਤੇਲ ਸੋਧਕ ਕਾਰਖਾਨੇ) ਪ੍ਰਬੰਧਕਾਂ ਵੱਲੋਂ ਕੁਝ ਅਖ਼ਬਾਰਾਂ ਵਿੱਚ ਇਹ ਬਿਆਨ ਛਪਵਾਏ ਗਏ ਹਨ ਕਿ ਕਾਰਖਾਨੇ ਦਾ ਨਾਂ ਬਦਲੀ ਨਹੀਂ ਕੀਤਾ ਜਾ ਰਿਹਾ। ਪ੍ਰੰਤੂ ਜੇਕਰ ਸਾਰੀ ਕਾਰਵਾਈ ਤੇ ਨਜ਼ਰ ਮਾਰੀ ਜਾਵੇ ਤਾਂ ਰਿਫਾਇੰਨਰੀ ਪ੍ਰਬੰਧਕਾਂ ਦਾ ਭਰੋਸਾ ਸ਼ੱਕ ਦੇ ਘੇਰੇ ’ਚ ਆਉਂਦਾ ਹੈ ਤੇ ਇਸ ਨੂੰ ਸਿੱਖਾਂ ਨੂੰ ਸ਼ਾਂਤ ਕਰਨ ਦਾ ਇੱਕ ਮੌਕਾ ਪੈਣ ਤੇ ਉਠਾਇਆ ਜਾਣ ਵਾਲਾ ਕਦਮ ਕਿਹਾ ਜਾ ਸਕਦਾ ਹੈ। ਇੱਕ ਪਾਸੇ ਜਿੱਥੇ ਰਿਫਾਇੰਨਰੀ ਪ੍ਰਬੰਧਕ ਕਹਿ ਰਹੇ ਹਨ ਕਿ ਕਾਰਖਾਨੇ ਦਾ ਨਾਮ ਨਹੀਂ ਬਦਲਿਆ ਜਾਵੇਗਾ ਉੱਥੇ ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਬੀਤੀ 22 ਜੂਨ ਨੂੰ ਹੀ ਬਠਿੰਡਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਾਂ ਬਦਲੀ ਸਬੰਧੀ ਏਜੰਡੇ ਦੀ ਕਾਪੀ ਭੇਜ ਕੇ ਨਾਮ ਤਬਦੀਲ ਕਰਨ ਬਾਰੇ ਦੱਸ ਦਿੱਤਾ ਗਿਆ ਸੀ। ਅੱਜ ਪ੍ਰਬੰਧਕ ਜਿੱਥੇ ਨਾਮ ਨਾਂ ਬਦਲਣ ਦੀ ਗੱਲ ਕਰ ਰਹੇ ਹਨ ਉੱਥੇ ਬੀਤੇ ਦਿਨੀਂ ਇਨ੍ਹਾਂ ਪ੍ਰਬੰਧਕਾਂ ਨੇ ਹੀ ਆਲ੍ਹਾ ਅਧਿਕਾਰੀਆਂ ਨਾਲ ਇਕ ਮੀਟਿੰਗ ਦੌਰਾਨ ਦੱਸਿਆ ਸੀ ਕਿ ਕੇਂਦਰ ਸਰਕਾਰ ਦੇ ਉਦਯੋਗਾਂ ਬਾਰੇ ਮੰਤਰਾਲੇ ਨੇ ਰਿਫਾਇੰਨਰੀ ਦਾ ਨਾਮ ਬਦਲਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਕੇਂਦਰ ਦੇ ਫ਼ੈਸਲੇ ਤੋਂ ਬਾਅਦ ਪੰਜਾਬ ਸਰਕਾਰ ਨੇ ਵੀ ਰਿਫਾਇੰਨਰੀ ਦਾ ਨਾਮ ਬਦਲਣ ਬਾਰੇ ਨੋਟੀਫਿਕੇਸ਼ਨ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਦੀ ਮੰਨੀਏ ਤਾਂ ਪੰਜਾਬ ਦੇ ਮੁੱਖ ਸਕੱਤਰ ਦੀ ਅਗਵਾਈ ਵਾਲੀ ਸਕਰੀਨਿੰਗ ਕਮੇਟੀ ਨੇ ਰਿਫਾਇੰਨਰੀ ਦਾ ਨਾਮ ਬਦਲ ਕੇ ‘ਐੱਚ.ਪੀ. ਸੀ ਐੱਲ. ਮਿੱਤਲ ਐਨਰਜੀ ਕਰਨ ਦੇ ਨੋਟੀਫਿਕੇਸ਼ਨ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇੰਨੀਆਂ ਕਾਰਵਾਈਆਂ ਤੋਂ ਬਾਅਦ ਰਿਫਾਇੰਨਰੀ ਪ੍ਰਬੰਧਕਾਂ ਵੱਲੋਂ ਨਾਮ ਨਾਂ ਬਦਲਣ ਦੇ ਭਰੋਸੇ ਵਿਚ ਕਿੰਨੀ ਕੁ ਸੱਚਾਈ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪ੍ਰੰਤੂ ਇੰਨਾ ਜ਼ਰੂਰ ਹੈ ਕਿ ਨਾਮ ਬਦਲਣ ਦੀ ਕਾਰਵਾਈ ਕਾਰਨ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਸਿੱਖਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ। ਇਟਲੀ ਤੋਂ ਫੋਨ ਤੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਸਿੱਖ ਧਰਮ ਦੇ ਉੱਘੇ ਪ੍ਰਚਾਰਕ ‘ਸੰਤ ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਵਾਲਿਆਂ ਨੇ ਕਿਹਾ ਕਿ ਦਸਮੇਸ਼ ਪਿਤਾ ਦੇ ਨਾਂ ’ਤੇ ਬਣਨ ਵਾਲੀ ਰਿਫਾਇੰਨਰੀ ਦਾ ਨਾਂਅ ਬਦਲ ਕੇ ਆਮ ਆਦਮੀ ਦੇ ਨਾਂ ’ਤੇ ਰੱਖਣ ਦੀ ਇਜ਼ਾਜਤ ਹਰਗਿਜ਼ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੂੰ ਸਿੱਖਾਂ ਦੇ ਜਜ਼ਬਾਤਾਂ ਨਾਲ ਖਿਲਵਾੜ ਕਰਨ ਤੋਂ ਗੁਰੇਜ਼

## ਸ਼ਾਮ ਵੇਲੇ ਸੈਰ ਕਰਨ ਵਾਲੇ ਪ੍ਰੇਸ਼ਾਨ ?

ਸ਼ਾਹਪੁਰ ਕੰਡੀ, 4 ਜੁਲਾਈ (ਜੰਡੀਰ)- ਅਦਿਆਲ ਮਾਰਕੀਟ ਦੇ ਲਾਗੇ ਹਸਪਤਾਲ ਰੋਡ ਉੱਤੇ ਫੁੱਟਪਾਥ ’ਤੇ ਖੋਖੇ ਹੋਣ ਕਰਕੇ ਰਾਹਗੀਰਾਂ ਨੂੰ ਸ਼ਾਮ ਦੀ ਸੈਰ ਵੇਲੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਈਕਲ ਵਾਲੇ ਨੂੰ ਮਹਿਕਮੇ ਨੇ ਕਈ ਵਾਰੀ ਰੋਕਿਆ ਹੈ ਕਿ ਫੁੱਟਪਾਥ ਛੱਡ ਕੇ ਸਾਈਕਲ ਦਾ ਕੰਮ ਕਰਿਆ ਕਰ ਪਰ ਉਸ ਦੀ ਸਿਹਤ ’ਤੇ ਕੋਈ ਅਸਰ ਨਹੀਂ ਹੋਇਆ। ਲੋਕਾਂ ਦੀ ਮੰਗ ਹੈ ਕਿ ਫੁੱਟਪਾਥ ਨੂੰ ਛੱਡ ਕੇ ਸਾਈਕਲਾਂ ਰਿਪੇਅਰ ਕਰਿਆ ਕਰੇ, ਸੜਕਾ ’ਤੇ ਸਕੂਟਰ ਤੇ ਸਾਈਕਲਾਂ ਨਾ ਲਗਾਇਆ ਕਰੇ।



ਲਾਇਨਜ਼ ਕਲੱਬ ਵੱਲੋਂ ਲਗਾਏ ਗਏ ਬਲੱਡ ਚੈਕਅੱਪ ਕੈਂਪ ਦਾ ਦ੍ਰਿਸ਼। ਤਸਵੀਰ: ਸ਼ਾਮ ਲਾਲ ਜੋਧਪੁਰੀਆ

## ਮੁਫ਼ਤ ਬਲੱਡ ਚੈਕਅੱਪ ਕੈਂਪ ਲਗਾਇਆ

ਮੌੜ ਮੰਡੀ, 4 ਜੁਲਾਈ (ਸ਼ਾਮ ਲਾਲ ਜੋਧਪੁਰੀਆ)- ਲਾਇਨਜ਼ ਕਲੱਬ ਵੱਲੋਂ ਪਹਿਲਾਂ ਮੁਫਤ ਬਲੱਡ ਚੈੱਕਅਪ ਕੈਂਪ 04-07-2010 ਦਿਨ ਐਤਵਾਰ ਨੂੰ ਆਸਥਾ ਹਸਪਤਾਲ ਦੇ ਸਾਹਮਣੇ ਸ਼ਿਵਾ ਲੈਬੋਰਟਰੀ ਵਿਖੇ ਲਗਾਇਆ ਗਿਆ । ਇਸ ਕੈਂਪ ਵਿੱਚ ਬਲੱਡ ਸ਼ੂਗਰ ਅਤੇ ਬਲੱਡ ਗਰੁੱਪ, H.B., ਯੂਰਿਕ ਐਸਿਡ ਦਾ ਚੈੱਕ ਅਪ ਕੀਤਾ ਗਿਆ । ਜਿਸ ਵਿੱਚ ਲਗਭਗ 180 ਮਰੀਜਾਂ ਨੇ ਆਪਣਾ ਚੈੱਕਅਪ ਕਰਵਾਇਆ। ਇਸ ਮੌਕੇ ’ਤੇ ਡਾਕਟਰਾਂ ਦੀਆਂ ਟੀਮਾਂ ਵੱਲੋ ਮਰੀਜਾਂ ਨੂੰ ਸਿਹਤ ਬਾਰੇ ਜਾਣਕਾਰੀ ਦਿੱਤੀ। ਇਹ ਕੈਂਪ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ ਤੱਕ ਚੱਲਦਾ ਰਿਹਾ। ਲਾਇਨਜ਼ ਕਲੱਬ ਦੇ ਪ੍ਰਧਾਨ ਦੀਪਕ ਮਿੱਤਲ ਨੇ ਦੱਸਿਆ ਕਿ ਕਲੱਬ ਵੱਲੋਂ ਮੁਫਤ ਬਲੈਡ ਚੈਕਅਪ ਕੈਂਪ ਆਦਿ ਤੋਂ ਇਲਾਵਾ ਅਸੀਂ ਹੋਰ ਵੀ ਸਮਾਜ ਭਲਾਈ ਕੰਮਾਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਾਂ। ਇਸ ਮੌਕੇ ’ਤੇ ਵਾਇਸ ਪ੍ਰਧਾਨ ਜਤਿੰਦਰ ਸਿੰਗਲਾ, ਸੈਕਟਰੀ ਰਾਕੇਸ਼ ਸਿੰਗਲਾ, ਕੈਸ਼ੀਅਰ ਗੌਰਵ ਸਿੰਗਲਾ, ਸੁਰੇਸ਼ ਕੁਮਾਰ, ਸੁਭਾਸ਼ (ਸੰਜੂ) , ਰਾਜੇਸ਼ ਕਾਕਾ, ਵਿਨੋਦ ਗਰਗ, ਪ੍ਰਦੀਪ ਦੀਪਾ, ਰਮੇਸ਼ ਵਕੀਲ, ਅਸ਼ੋਕ ਕੁਮਾਰ, ਨੰਦ ਲਾਲ ਹਾਜਰ ਸਨ ।

## ਪੈਸੇ ਦੁੱਗਣੇ ਕਰਨ ਦਾ ਝਾਂਸਾ ਦੇ ਕੇ 70,000 ਦੀ ਠੱਗੀ

**ਮੁਕੱਦਮਾ ਦਰਜ**

ਫਰੀਦਕੋਟ, 4 ਜੁਲਾਈ (ਸਰਬਜੀਤ ਟੀਟੂ)-ਪੈਸੇ ਦੁੱਗਣੇ ਕਰਨ ਦਾ ਝਾਂਸਾ ਦੇ ਕੇ ਮੋਟੀ ਰਕਮ ਦੀ ਠੱਗੀ ਮਾਰਣ ਵਾਲੇ ਦੋ ਵਿਅਕਤੀਆਂ ਖਿਲਾਫ ਥਾਨਾ ਸਿਟੀ ਵਿਖੇਂ ਮੁਕੱਦਮਾਂ ਦਰਜ਼ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਵੇਰਵੇ ਅਨੁਸਾਰ ਪ੍ਰਿਥੀਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਮਿਸਤਰੀ ਵਾਸੀ ਫਰੈਂਡਜ਼ ਕਲੌਨੀ, ਗਲੀ ਨੰਬਰ 2, ਫਰੀਦਕੋਟ ਨੇ ਕੀਤੀ ਗਈ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕਿ ਸਵਰਨ ਸਿੰਘ ਪੁੱਤਰ ਚੰਦ ਸਿੰਘ ਬਾਜੀਗਰ ਬਸਤੀ ਫਰੀਦਕੋਟ ਅਤੇ ਜਸਵੀਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਦੁਆਰੇਆਣਾ ਉਸਨੂੰ ਪੈਸੇ ਦੁੱਗਣੇ ਕਰਨ ਦਾ ਝਾਸਾ ਦੇ ਕੇ 70,000 ਰੁਪਏ ਦੀ ਠੱਗੀ ਮਾਰ ਗਏ। ਇਸ ਘਟਨਾਂ ’ਤੇ ਥਾਨਾ ਸਿਟੀ ਵਿਖੇ ਉਕਤ ਦੋਨਾਂ ਵਿਰੁੱਧ ਮੁਕੱਦਮਾਂ ਨੰਬਰ 189 ਦਰਜ਼ ਕਰਕੇ ਇਸ ਮਾਮਲੇ ਦੀ ਤਫਤੀਸ਼ ਐੱਸ.ਆਈ ਜਸਵੀਰ ਸਿੰਘ ਨੂੰ ਸੌਂਪ ਦਿੱਤੀ ਗਈ ਹੈ ਜਦਕਿ ਅਜੇ ਤੱਕ ਕਿਸੇ ਵੀ ਕਥਿੱਤ ਦੋਸ਼ੀ ਦੀ ਗਰਿਫਤਾਰੀ ਨਹੀ ਹੋ ਸਕੀ ਹੈ।



ਮਹਿਲ ਖੁਰਦ ਵਿਖੇ ਲਗਾਈ ਗਈ ਠੰਢੇ ਮਿੱਠੇ ਜਲ ਦੀ ਛਬੀਲ ਦਾ ਦ੍ਰਿਸ਼। ਤਸਵੀਰ: ਸੋਨੀ ਮਾਂਗੇਵਾਲ

## ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ

ਮਨਾਲ, ਮਹਿਲ ਕਲਾਂ, 4 ਜੁਲਾਈ (ਸੁਖਵਿੰਦਰ, ਵਜੀਦਕੇ)- ਪਿੰਡ ਮਹਿਲ ਖੁਰਦ ਵਿਖੇ ਉੱਦਮੀ ਨੌਜਵਾਨਾਂ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਸਮੇਂ ਵਲੰਟੀਅਰਾਂ ਨੇ ਆਉਣ, ਜਾਣ ਵਾਲੇ ਲੋਕਾਂ ਨੂੰ ਜਲ ਛਕਾ ਕੇ ਕੜਕਦੀ ਗਰਮੀ ਤੋਂ ਰਾਤ ਦੁਆਈ। ਜੁਗਰਾਜ ਸਿੰਘ ਬਾਬਾ ਪ੍ਰਧਾਨ, ਗੁਰਬਿੰਦਰ ਸਿੰਘ ਗੋਲਡੀ ਜਗਦੇ, ਪਾਲਾ ਸਿੰਘ ਛਾਪਾ, ਭਗਤ ਸਿੰਘ ਤੇਜਿੰਦਰ ਸਿੰਘ ਸੋਨੂੰ, ਕਰਮਜੀਤ ਸਿੰਘ, ਚਮਕੌਰ ਸਿੰਘ, ਸਤਪਾਲ ਸਿੰਘ, ਤੇਜੀ, ਪ੍ਰੀਤ, ਮਾਨਾ, ਹੈਪੀ, ਲਖਵੀਰ ਸਿੰਘ ਫੌਜੀ, ਦਲਵਿੰਦਰ ਸਿੰਘ ਰਿੰਕੂ ਆਦਿ ਨੇ ਭਰਪੂਰ ਸਹਿਯੋਗ ਦਿੱਤਾ।



ਆਦਮਪੁਰ ਵਿਖੇ ਹੋਏ ਸੜਕ ਹਾਦਸੇ ਦਾ ਦ੍ਰਿਸ਼। ਤਸਵੀਰ: ਹਰਪ੍ਰੀਤ ਸਿੰਘ ਹੀਰ

## ਕਾਰ ਤੇ ਟਰੈਕਟਰ ਵਿਚਕਾਰ ਟੱਕਰ, ਇਕ ਦੀ ਮੌਤ

ਆਦਮਪੁਰ, 4 ਜੁਲਾਈ (ਹਰਪ੍ਰੀਤ ਸਿੰਘ ਹੀਰ)- ਥਾਣੇ ਅਧੀਨ ਆਉਂਦਾ ਪਿੰਡ ਖੁਰਦਪੁਰ ਜਲੰਧਰ ਹੁਸ਼ਿਆਰਪੁਰ ਜੀ.ਟੀ. ਰੋਡ ਤੇ ਇੱਕ ਟਰੈਕਟਰ ਅਤੇ ਮਾਰੂਤੀ ਕਾਰ ਵਿਚਕਾਰ ਜ਼ਬਰਦਸਤ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮਾਰੂਤੀ ਕਾਰ ਜੋ ਕਿ ਰਾਕੇਸ਼ ਗੁਪਤਾ ਵਾਸੀ ਜਲੰਧਰ ਚਲਾ ਕੇ ਹੁਸ਼ਿਆਰਪੁਰ ਵਜੋਂ ਆ ਰਿਹਾ ਸੀ ਓਵਰਟੇਕ ਕਰਦੇ ਹੋਏ, ਟਰੈਕਟਰ ਜੋ ਕਿ ਰੇਤਾ ਨਾਲ ਲੱਦਿਆ ਹੋਇਆ ਸੀ ਅਤੇ ਜਲੰਧਰ ਵੱਲੋਂ ਆ ਰਿਹਾ ਸੀ। ਵਿਚਕਾਰ ਆਮੋ-ਸਾਹਮਣੇ ਟੱਕਰ ਹੋ ਗਈ। ਟਰੈਕਟਰ ਮਾਲਕ ਪਰਮਿੰਦਰ ਸਿੰਘ ਵਾਸੀ ਖੁਰਦਪੁਰ ਨੇ ਮੌਕੇ ’ਤੇ ਦੱਸਿਆ ਕਿ ਸ਼ਾਇਦ ਕਾਰ ਚਾਲਕ ਨੂੰ ਅਚਾਨਕ ਨੀਂਦ ਆ ਜਾਣ ਕਾਰਨ ਉਪਰੋਕਤ ਹਾਦਸਾ ਵਾਪਰਿਆ। ਕਾਰ ਚਾਲਕ ਰਾਕੇਸ਼ ਗੁਪਤਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿਚ ਸਥਾਨਕ ਮਿਗਲਾਨੀ ਹਸਪਤਾਲ ਵਿਚ ਇਲਾਜ ਲਈ ਭਰਤੀ ਕਰਵਾਇਆ ਜਿਸ ਦੀ ਮੌਤ ਹੋ ਗਈ।

## ਲੁੱਟ-ਖੋਹ ਦੇ ਮਾਮਲੇ ’ਚ ਮੁਕੱਦਮਾ ਦਰਜ

ਫਰੀਦਕੋਟ, 4 ਜੁਲਾਈ (ਸਰਬਜੀਤ ਟੀਟੂ)-ਲੁੱਟ-ਖੋਹ ਕੇ ਮਾਮਲੇ ਵਿੱਚ ਥਾਨਾ ਸਿਟੀ ਵਿਖੇ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾਂ ਦਰਜ਼ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਵੇਰਵੇ ਅਨੁਸਾਰ ਨਿਸ਼ੀ ਰਾਣੀ ਪਤਨੀ ਸੁਖਵਿੰਦਰ ਸਿੰਘ ਵਾਸੀ ਭਾਨ ਸਿੰਘ ਕਲੌਨੀ, ਗਲੀ ਨੰਬਰ 8 ਨੇ ਥਾਨਾ ਸਿਟੀ ਵਿਖੇ ਕੀਤੀ ਗਈ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਪੋਸਟ ਆਫਿਸ ਵਿੱਚੋਂ ਡਿਊਟੀ ਤੋਂ ਫਾਰਗ ਹੋ ਕੇ ਰਿਕਸ਼ਾ ’ਤੇ ਘਰ ਜਾ ਰਹੀ ਸੀ ਅਤੇ ਜਦੋਂ ਰਿਕਸ਼ਾ ਗੁਰੂ ਨਾਨਕ ਕਲੌਨੀ ਕੋਲ ਪੁੱਜਾ ਤਾਂ ਦੋ ਨੌਜਵਾਨ ਜੋ ਮੋਟਰਸਾਈਕਲ ’ਤੇ ਸਵਾਰ ਸਨ ਉਸਦਾ ਪਰਸ ਖੋਹ ਕੇ ਫਰਾਰ ਹੋ ਗਏ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਪਰਸ ਵਿੱਚ ਇੱਕ ਮੋਬਾਈਲ, ਸੋਨੇ ਦੇ ਕਾਂਟੇ ਅਤੇ 2500 ਰੁਪਏ ਨਗਦ ਅਤੇ ਹੋਰ ਜਰੂਰੀ ਕਾਗਜ਼ਾਤ ਸਨ। ਸ਼ਿਕਾਇਤ ਕਰਤਾ ਦੀ ਸ਼ਿਕਾਇਤ ’ਤੇ ਥਾਨਾ ਸਿਟੀ ਵਿਖੇ ਅਣਪਣਾਤੇ ਨੌਜਵਾਨਾਂ ਖਿਲਾਫ ਮੁਕੱਦਮਾਂ ਨੰਬਰ 187 ਦਰਜ਼ ਕਰਕੇ ਇਸ ਮਾਮਲੇ ਦੀ ਤਫਤੀਸ਼ ਸਬ ਇੰਨਸਪੈਕਟਰ ਜਸਪਾਲ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

# 8.50 ਕਰੋੜ ਨਾਲ ਤਾਂ ਇਨ੍ਹਾਂ ਦਾ ਬਰੇਕ ਫਾਸਟ ਨਹੀਂ ਹੋਣਾ- ਰਾਣਾ ਕੇ.ਪੀ. ਸਿੰਘ

ਸ੍ਰੀ ਆਨੰਦਪੁਰ ਸਾਹਿਬ, 4 ਜੁਲਾਈ (ਦਿਨੇਸ਼ ਨੱਡਾ, ਰੈਤ)- ਚੰਗਰ ਖੇਤਰ ਲਈ ਸਰਕਾਰ ਵੱਲੋਂ ਆਏ 8.50 ਕਰੋੜ ਰੁਪਏ ਨਾਲ ਤਾਂ ਮੌਜੂਦਾ ਸਰਕਾਰ ਦੇ ਲੋਕਲ ਚੌਧਰੀ ਅਤੇ ਭ੍ਰਿਸ਼ਟ ਅਫ਼ਸਰਾਂ ਦਾ ਬਰੇਕਫਾਸਟ ਵੀ ਨਹੀਂ ਹੋਣਾ ਕਿਉਂਕਿ ਕੇਂਦਰ ਸਰਕਾਰ ਵੱਲੋਂ ਭੇਜੀ 102 ਕਰੋੜ ਰੁਪਏ ਦੀ ਗਰਾਂਟ ਨੂੰ ਡੇਢ ਸਾਲ ਵਿਚ ਖੁਰਦ-ਬੁਰਦ ਕਰਕੇ ਰੱਖ ਦਿੱਤਾ ਹੈ। ਇਸ ਗੱਲ ਦਾ ਪ੍ਰਗਟਾਵਾ ਨੰਗਲ ਤੋਂ ਕਾਂਗਰਸੀ ਵਿਧਾਇਕ ਰਾਣਾ ਕੇ.ਪੀ. ਸਿੰਘ ਨੇ ਸਥਾਨਕ ਕਿਸਾਨ ਹਵੇਲੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਸ੍ਰੀ ਰਾਣਾ ਨੇ ਕਿਹਾ ਕਿ ਮਿੱਤਲ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਚੰਗਰ ਖੇਤਰ ਦੇ ਵਿਕਾਸ ਨੂੰ ਲੈ ਕੇ ਸਾਬਕਾ ਰਾਸ਼ਟਰਪਤੀ ਰਹਿ ਚੁੱਕੇ ਜਾਣ ਸਵ: ਗਿਆਨੀ ਜੈਲ ਸਿੰਘ ਦੀ ਨੁਕਤਾਚੀਨੀ ਕਰਨ ਤੇ ਸਾਨੂੰ ਸਖ਼ਤ ਇਤਰਾਜ਼ ਹੈ ਕਿਉਂਕਿ 1975 ਵਿਚ ਗਿਆਨੀ ਜੀ ਸਦਕਾ ਸਾਡੇ ਇਲਾਕੇ ਨੂੰ ਜੀਣ ਦੀ ਜਾਂਚ ਆਈ ਸੀ। ਉਨ੍ਹਾਂ ਉਸ ਸਮੇਂ ਚੰਗਰ ਇਲਾਕੇ ਨੂੰ ਸੜਕਾਂ ਦਿੱਤੀਆਂ, ਪੀਣ ਦਾ ਪਾਣੀ ਉਸ ਸਮੇਂ ਦੀ ਲੋੜ ਮੁਤਾਬਿਕ ਉਪਲਬਧ ਕਰਵਾਇਆ। ਚੰਗਰ ਵਿੱਚ ਮੱਸੇਵਾਲ, ਸਮਲਾਹ ਸਕੂਲ ਦਿੱਤੇ, ਬਿਜਲੀ ਦਿੱਤੀ। ਇਸੇ ਤਰ੍ਹਾਂ ਆਨੰਪੁਰ ਸਾਹਿਬ ਦਾ ਸਿਵਲ ਹਸਪਤਾਲ ਬਣਵਾਇਆ। ਰੋਪੜ ਵਿੱਚ ਸਿਵਲ ਸਕੱਤਰੇਤ, ਸਿਵਲ ਹਸਪਤਾਲ, ਨਹਿਰੂ ਸਟੇਡੀਅਮ, ਟੂਰਿਸਟ ਕੰਪਲੈਕਸ ਜਿਸ ਨੂੰ ਮੌਜੂਦਾ ਸਰਕਾਰ ਨੇ ਵੇਚ ਦਿੱਤਾ ਹੈ। ਇਹ ਸਭ ਗਿਆਨੀ ਜੀ ਦੀ ਦੇਣ ਹੈ।

## ਸਟੇਟ ਬੈਂਕ ਆਫ ਇੰਡੀਆ ਨੇ ਬੂਟੇ ਲਗਾ ਕੇ ਸਥਾਪਨਾ ਦਿਵਸ ਮਨਾਇਆ

ਰਾਹੋਂ, 4 ਜੁਲਾਈ (ਬਲਵਿੰਦਰ ਕੌਰ ਭਾਰਟਾ)- ਸਟੇਟ ਬੈਂਕ ਆਫ ਇੰਡੀਆ ਦੇ ਅੱਜ 55ਵੇਂ ਸਥਾਪਨਾ ਦਿਵਸ ਦੇ ਮੌਕੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਚੀਫ਼ ਮੈਨੇਜਰ ਐਸ.ਐਨ.ਭਾਟੀਆ ਦੇ ਦੇਖ-ਰੇਖ ਹੇਠ ਦੋਆਬਾ ਗਰੁੱਪ ਆਫ਼ ਕਾਲਜਿਸ ਅਤੇ ਸਮੂਹ ਨਗਰ ਕੌਂਸਲ ਦੇ ਸਹਿਯੋਗ ਸਦਕਾ, ਦੁਸਹਿਰਾ ਗਰਾਊਂਡ ਵਿਖੇ ਬੂਟੇ ਲਗਾ ਕੇ ਕੀਤੀ ਗਈ। ਇਸ ਮੌਕੇ ਸ੍ਰੀ ਭਾਟੀਆ ਨੇ ਦੱਸਿਆ ਕਿ ਖੇਤਰ ਅੰਦਰ ਵੱਖ-ਵੱਖ ਥਾਵਾਂ ਉੱਤੇ ਕਰੀਬ 2500 ਬੂਟਾ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ ਜਿਸ ਨੂੰ ਜਲਦੀ ਨੇਪਰੇ ਚਾੜ੍ਹਿਆ ਜਾਵੇ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਦਿਨੇਸ਼ ਚੌਪੜਾ ਨੇ ਕਿਹਾ ਕਿ ਅੱਜ ਦਿਨ-ਬ ਦਿਨ ਵੱਧਰ ਰਹੇ ਪ੍ਰਦੂਸ਼ਣ ’ਤੇ ਕਾਬੂ ਪਾਉਣ ਅਤੇ ਵਾਤਾਰਵਣ ਦੀ ਸ਼ੁੱਧਤਾ ਲਈ ਰੁੱਖ ਲਗਾਓ, ਵਾਤਾਵਰਣ ਬਚਾਓ ਮੁਹਿੰਮ ਵਿਚ ਆਮ ਲੋਕਾਂ ਦਾ ਸਹਿਯੋਗ ਵੀ ਅਤਿ ਜ਼ਰੂਰੀ ਹੈ।

## ਟੀ.ਵੀ. ਐਸ. ਮੋਟਰ ਕੰਪਨੀ ਨੇ ਜੂਨ 2010 ਵਿਚ 36 ਪ੍ਰਤੀਸ਼ਤ ਵਿਕਰੀ ਦਰਜ ਕੀਤੀ

ਲੁਧਿਆਣਾ, 4 ਜੁਲਾਈ (ਰਾਜ ਜੋਸ਼ੀ)-ਟੀ.ਵੀ.ਐਸ. ਮੋਟਰ ਕੰਪਨੀ ਦੇ ਜੂਨ 2010 ਵਿਚ ਆਪਣੇ ਵਾਹਨਾਂ ਦੀ ਵਿਕਰੀ ਵਿਚ 36 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਹੈ। 2 ਪਹੀਏ ਵਾਹਨਾਂ ਦੀ ਜੂਨ 2010 ਕੁੱਲ ਵਿਕਰੀ ਵਿਚ 156,685 ਅੰਕੜੇ ਨੂੰ ਪਾਰ ਕੀਤਾ ਹੈ ਜਦ ਕਿ ਪਿਛਲੇ ਸਾਲ ਦੇ ਇਸੇ ਮਹੀਨੇ ਵਿਚ ਇਹ ਸੰਖਿਆ 115,448 ਸੀ। 2 ਪਹੀਏ ਵਾਹਨਾਂ ਦੀ ਘਰੇਲੂ ਵਿਕਰੀ 33 ਪ੍ਰਤੀਸ਼ਤ ਦਰਜ ਕੀਤੀ। ਜੂਨ 2010 ਨੂੰ 139,905 ਦੀ ਘਰੇਲੂ ਵਿਕਰੀ ਦਰਜ ਕੀਤੀ ਜਿਹੜੀ ਜੂਨ 2009 ਵਿੱਚ 105, 361 ਅੰਕੜਿਆਂ ਦੀ ਤੁਲਨਾ 33 ਪ੍ਰਤੀਸ਼ਤ ਜ਼ਿਆਦਾ ਰਹੀ ਹੈ। ਸਕੂਟਰ ਦੀ ਵਿਕਰੀ ਵਿਚ 42 ਪ੍ਰਤੀਸ਼ਤ ਦਾ ਯੋਗਦਾਨਾ ਰਿਹਾ ਹੈ। ਸਕੂਟਰ ਜੂਨ 2010 ਵਿਚ 36742 ਜਦ ਕਿ ਜੂਨ 2009 ਵਿਚ 25945 ਦੀ ਵਿਕਰੀ ਹੋਈ ਸੀ। ਕੰਪਨੀ ਦੇ 3 ਪਹੀਆਂ ਦਾ ਕਾਰੋਬਾਰ ਜੂਨ 2010 ਵਿੱਚ 3033 ਅੰਕੜੇ ਨੂੰ ਪਾਰ ਕੀਤਾ ਹੈ।

ਮੋਟਰ ਸਾਈਕਲ ਨੇ ਜੂਨ 2010 ਵਿੱਚ 66,452 ਅੰਕੜਿਆਂ ਦੀ ਵਿੱਕਰੀ ਦਰਜ ਕੀਤੀ ਹੈ ਜੋ ਕਿ ਪਿਛਲੇ ਸਾਲ ਇਸੇ ਮਹੀਨੇ ਵਿਚ 46, 048 ਅੰਕੜਿਆਂ ਦੀ ਤੁਲਨਾ ਵਿਚ 44 ਪ੍ਰਤੀਸ਼ਤ ਜ਼ਿਆਦਾ ਹੈ। ਕੰਪਨੀ ਦਾ ਐਕਸਪੋਰਟ ਵਿਚ ਵੀ ਵਾਧਾ ਰਿਹਾ ਹੈ। ਜੂਨ 2010 ਵਿਚ 16,780 ਅੰਕੜਿਆਂ ਦੀ ਐਕਸਪੋਰਟ ਦਰਜ਼ ਕੀਤਾ ਜਦ ਕਿ ਜੂਨ 2009 ਵਿਚ 10087 ਅੰਕੜਿਆਂ ਦਾ ਐਕਸਪੋਰਟ ਵਿਚ 66 ਪ੍ਰਤੀਸ਼ਤ ਦਾ ਵਾਧਾ ਰਿਹਾ ਹੈ।



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਹਲਕਾ ਇੰਚਾਰਜ ਜਗਤਾਰ ਸਿੰਘ ਰਾਜੇਆਣਾ ।

## ਕੇਂਦਰ ਨੂੰ ਉਸ ਦੀਆਂ ਨਾਕਾਮੀਆਂ ਦਾ ਅਹਿਸਾਸ ਕਰਵਾਏਗਾ ਅੱਜ ਦਾ ਬੰਦ- ਰਾਜੇਆਣਾ

ਬਾਘਾ ਪੁਰਾਣਾ, 4 ਜੁਲਾਈ (ਪੱਤਰ ਪ੍ਰੇਰਕ) ਮਹਿੰਗਾਈ ਦੇ ਮੁੱਦੇ ਤੇ 5 ਜੁਲਾਈ ਦੇ ਦੇਸ਼ ਵਿਆਪੀ ਬੰਦ ਦੇ ਸੱਦੇ ਨੂੰ ਪੰਜਾਬ ’ਚ ਪੂਰਨ ਸਫ਼ਲ ਬਣਾਉਣ ਲਈ ਅਕਾਲੀ-ਭਾਜਪਾ ਗਠਜੋੜ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਅੱਜ ਇਥੇ ਅਕਾਲੀ ਦਲ ਦੇ ਦਫ਼ਤਰ ਵਿਖੇ ਹਲਕਾ ਇੰਚਾਰਜ ਸ੍ਰ. ਜਗਤਾਰ ਸਿੰਘ ਰਾਜੇਆਣਾ ਨੇ ਪਾਰਟੀ ਆਗੂਆਂ ਅਤੇ ਸਥਾਨਕ ਕਸਬੇ ਦੀਆਂ ਵਿਉਪਾਰਕ ਸੰਸਥਾਵਾਂ ਦੇ ਆਗੂਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਨਿੱਤ ਵਰਤੋਂ ਦੀਆਂ ਵਸਤਾਂ ਅਤੇ ਵਿਸ਼ੇਸ਼ ਕਰਕੇ ਖੇਤੀ ਵਸਤਾ ਦੀਆਂ ਕੀਮਤਾਂ ’ਚ ਬੇਤਹਾਸਾ ਹੋ ਰਹੇ ਵਾਧੇ ਨੂੰ ਨੱਥ ਪਾਉਣ ’ਚ ਕੇਂਦਰ ਦੀ ਮਨਮੋਹਲ ਸਿੰਘ ਸਰਕਾਰ ਅਸਲੋਂ ਅਫ਼ਸਲ ਹੋ ਕੇ ਰਹਿ ਗਈ ਹੈ, ਜਿਸ ਨੂੰ ਉਸ ਦੀ ਇਸ ਨਾਕਾਮੀ ਦਾ ਅਹਿਸਾਸ ਕਰਵਾਊਣ ਲਈ ਦੇਸ਼ ਭਰ ਦੀਆਂ ਗੈਰ ਕਾਂਗਰਸੀ ਪਾਰਟੀਆਂ ਨੇ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਉਨ੍ਹਾਂ ਵਿਉਪਾਰਕ ਅਤੇ ਸਨਅਤੀ ਅਦਾਰਿਆਂ ਦੇ ਨੁਮਾਇੰਦਿਆਂ ਅਤੇ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ਼ ਦੀ ਅਬਾਦੀ ਦੇ 95 ਪ੍ਰਤੀਸ਼ਤ ਹਿੱਸਾ ਦੀ ਜ਼ਮੀਨੀ ਹਕੀਕਤ ਤੋਂ ਅਨਜਾਣ ਬੈਠੀ ਕੇਂਦਰ ਸਰਕਾਰ ਨੂੰ ਝੰਜੋੜਨ ਲਈ ਜ਼ਰੂਰੀ ਹੈ ਕਿ 5 ਜੁਲਾਈ ਦੇ ਬੰਦ ਦੇ ਸੱਦੇ ਨੂੰ ਪੂਰਨ ਰੂਪ ’ਚ ਸਫ਼ਲ ਬਣਾ ਕੇ ਕੇਂਦਰ ਦੀ ਸਰਕਾਰ ਮੂਹਰੇ ਰੋਸ ਦਾ ਪ੍ਰਤੱਖ ਇਜ਼ਹਾਰ ਕੀਤਾ ਜਾਵੇ। ਸ੍ਰ. ਰਾਜੇਆਣਾ ਨੇ ਇਹ ਵੀ ਅਪੀਲ ਕੀਤੀ ਕਿ ਬੰਦ ਦੌਰਾਨ ਆਪਣੇ ਰੋਹ ਦੇ ਪ੍ਰਗਟਾਵੇ ਲਈ ਕੇਂਦਰ ਖਿਲਾਫ਼ ਨਾਅਰੇਬਾਜ਼ੀ ਅਤੇ ਪਿੱਟ ਸਿਆਪੇ ਤੋਂ ਇਲਾਵਾ ਕੋਈ ਅਜਿਹੀ ਕਾਰਵਾਈ ਨਾ ਕੀਤਾ ਜਾਵੇ ਜਿਸ ਨਾਲ ਅਮਨ-ਕਾਨੂੰਨ ਭੰਗ ਹੁੰਦਾ ਹੋਵੇ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂਆਂ ਸ੍ਰ. ਮੁਖਤਿਆਰ ਸਿੰਘ ਡਾਇਰੈਕਟਰ, ਪਵਨ ਢੰਡ, ਦੀਪ ਸਿੰਘ ਸਾਬਕਾ ਚੇਅਰਮੈਨ (ਮਾਰਕਿਟ ਕਮੇਟੀ), ਸ੍ਰ. ਨੰਦ ਸਿੰਘ ਬਰਾੜ ਐਮ.ਸੀ, ਮੁਕੰਦ ਸਿੰਘ ਐਮ.ਸੀ, ਸੋਨੂੰ ਰਾਜੇਆਣਾ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੰਦ ਨੂੰ ਸਫ਼ਲ ਬਣਾਉਣ ਲਈ ਸਹਿਯੋਗ ਦੇਣ।

## ਚੋਣਾਂ ਸਬੰਧੀ ਨਵੀਆਂ ਹਦਾਇਤਾਂ ਬਾਰੇ ਜਾਣੂ ਕਰਵਾਇਆ

ਚਮਕੌਰ ਸਾਹਿਬ, 4 ਜੁਲਾਈ (ਮਨਿਤ ਕੁਮਾਰ ਮੋਟੂੰ)- ਸਥਾਨਕ ਐਸ.ਡੀ.ਐਮ. ਦਫ਼ਤਰ ਵਿਚ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣ ਹਲਕਾ 118- ਮੋਰਿੰਡਾ ਅਧੀਨ ਆਉਂਦੇ ਸਮੂਹ ਪਟਵਾਰੀਆਂ ਨਾਲ ਉਪ ਮੰਡਲ ਮੈਜਿਸਟ੍ਰੇਟ ਕਮ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਸੀ. ਜੇ.ਸੀ. ਸੱਭਰਵਾਲ ਨੇ ਮੀਟਿੰਗ ਕਰਕੇ ਉਨ੍ਹਾਂ ਨੂੰ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਵੱਲੋਂ ਜਾਰੀ ਨਵੀਆਂ ਹਦਾਇਤਾਂ ਬਾਰੇ ਜਾਣੂ ਕਰਵਾਇਆ ਗਿਆ। ਉਕਤ ਮੀਟਿੰਗ ਸਬੰਧੀ ਸੀ.ਜੇ.ਸੀ. ਸੱਭਰਵਾਲ ਨੇ ਦੱਸਿਆ ਕਿ ਐਸ.ਜੀ.ਪੀ.ਸੀ. ਚੋਣਾਂ ਲਈ ਵੋਟਾਂ ਬਣਾਉਣ ਦੇ ਕੰਮ ਨੂੰ 15 ਜੁਲਾਈ ਤੱਕ ਨੇਪਰੇ ਚਾੜ੍ਹਿਆ ਜਾਣਾ ਹੈ। ਇਸ ਲਈ ਸਮੂਹ ਪਟਵਾਰੀਆਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੀਆਂ ਸਖ਼ਤ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ। ਮੀਟਿੰਗ ਵਿੱਚ ਜਾਰੀ ਹਦਾਇਤਾਂ ਅਨੁਸਾਰ ਵੋਟਾਂ ਸਬੰਧੀ ਆਪਣੇ-ਆਪਣੇ ਪਟਵਾਰ ਸਰਕਲਾਂ ਦਾ ਇਕ ਰਜਿਸਟਰ ਤਿਆਰ ਕੀਤਾ ਜਾਵੇ, ਜਿਸ ਵਿਚ ਰੋਜ਼ਾਨਾ ਪ੍ਰਾਪਤ ਹੋਏ ਫਾਰਮਾਂ ਦਾ ਵੇਰਵਾ ਦਰਜ ਕੀਤਾ ਗਿਆ ਅਤੇ ਪਿੰਡਾਂ ਦੇ ਦੌਰੇ ਦੌਰਾਨ ਉੱਥੇ ਮੁਨਾਦਰ ਕਰਵਾ ਕੇ ਵੋਟਾਂ ਤਿਆਰ ਕੀਤੀਆਂ ਜਾਣ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਵੋਟਾਂ ਬਣਾਉਣ ਲਈ ਇੱਧਰ ਉੱਧਰ ਨਾ ਜਾਣਾ ਪਵੇਗਾ। ਮੀਟਿੰਗ ਵਿੱਚ ਸ੍ਰੀ ਸੱਭਰਵਾਲ ਨੇ ਕਿਹਾ ਕਿ ਵੋਟਾਂ ਦੇ ਕੰਮ ਵਿੱਚ ਅਣਗਹਿਲੀ ਵਰਤਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਇਤਿਹਾਸਕ ਦਰਵਾਜ਼ਿਆਂ ਦੀ ਮੁਰੰਮਤ ਦਾ ਕਾਰਜ ਅਰੰਭ

ਅੰਮ੍ਰਿਤਸਰ 4 ਜੁਲਾਈ- (ਮੋਤਾ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਫੈਸਲੇ ਅਨੁਸਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਇਤਿਹਾਸਕ ਦਰਵਾਜ਼ਿਆਂ ਦੀ ਮੁਰੰਮਤ ਲਈ ਕਾਰ ਸੇਵਾ ਵਾਲੇ ਬਾਬਾ ਕਸ਼ਮੀਰ ਸਿੰਘ ਜੀ ਭੂਰੀਵਾਲਿਆਂ ਨੂੰ ਸੌਂਪੀ ਸੇਵਾ ਅੱਜ ਅਰਦਾਸ ਉਪਰੰਤ ਉਨ੍ਹਾਂ ਸ਼ੁਰੂ ਕਰ ਦਿੱਤੀ ਹੈ, ਦਰਵਾਜ਼ੇ ਮੁਰੰਮਤ ਕਰਨ ਲਈ ਉਤਾਰ ਕੇ ਉਨੀ ਦੇਰ ਲਈ ਆਰਜ਼ੀ ਤੌਰ ’ਤੇ ਨਵੇਂ ਦਰਵਾਜ਼ੇ ਲਗਾ ਦਿੱਤੇ ਗਏ ਹਨ ਅਤੇ ਦਰਵਾਜ਼ਿਆ ਦੀ ਮੁਰੰਮਤ ਦਾ ਕਾਰਜ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ’ਚ ਬਣੇ ਇਕ ਵਿਸ਼ੇਸ਼ ਕੈਬਿਨ ’ਚ ਕੀਤਾ ਜਾਵੇਗਾ। ਦਰਸ਼ਨੀ ਡਿਉੜੀ ਦੇ ਦਰਵਾਜ਼ੇ ਉਤਾਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਗਿਆਨੀ ਪਲਵਿੰਦਰ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ ਨੇ ਲਿਆ। ਇਸ ਮੌਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਤੇ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਹਰਨਾਮ ਸਿੰਘ ਖ਼ਾਲਸਾ, ਨਿਰਮਲੇ ਸੰਤ ਗਿਆਨ ਦੇਵ ਸਿੰਘ (ਹਰਿਦੁਆਰ ਵਾਲੇ), ਅੰਤ੍ਰਿੰਗ ਕਮੇਟੀ ਦੇ ਮੈਂਬਰ ਸ. ਰਾਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਹਰਦਲਬੀਰ ਸਿੰਘ ਸ਼ਾਹ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਜੋਗਿੰਦਰ ਸਿੰਘ ਅਦਲੀਵਾਲ, ਕਾਰਸੇਵਾ ਵਾਲੇ ਬਾਬਾ ਸੁਖਵਿੰਦਰ ਸਿੰਘ, ਬਾਬਾ ਜੱਗਾ ਸਿੰਘ, ਬਾਬਾ ਗੁਰਨਾਮ ਸਿੰਘ, ਬਾਬਾ ਪ੍ਰੇਮ ਸਿੰਘ, ਬਾਬਾ ਪਾਲ ਸਿੰਘ, ਬਾਬਾ ਮੇਜਰ ਸਿੰਘ ਵਾਂ, ਸ. ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਮੀਤ ਸਕੱਤਰ ਸ. ਮਨਜੀਤ ਸਿੰਘ ਤੇ ਗੁਰਬਚਨ ਸਿੰਘ, ਪਬਲੀਸਿਟੀ ਵਿਭਾਗ ਦੇ ਇੰਚਾਰਜ ਸ. ਰਾਮ ਸਿੰਘ, ਨਿੱਜੀ ਸਹਾਇਕ ਸ. ਪਰਮਜੀਤ ਸਿੰਘ ਸਰੋਆ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਹਰਬੰਸ ਸਿੰਘ (ਮੱਲੀ), ਐਡੀ: ਮੈਨੇਜਰ ਸ. ਬਲਵਿੰਦਰ ਸਿੰਘ ਤੇ ਸ. ਪ੍ਰਤਾਪ ਸਿੰਘ, ਮੀਤ ਮੈਨੇਜਰ ਸ. ਬਿਅੰਤ ਸਿੰਘ ਤੇ ਸ. ਮੰਗਲ ਸਿੰਘ, ਮੁਖਤਾਰਆਮ ਸ. ਰਵਿੰਦਰ ਸਿੰਘ, ਸ. ਤਰਸੇਮ ਸਿੰਘ ਤੋਂ ਇਲਾਵਾ ਵੱਡੀ ਗਿਣਤੀ ’ਤ ਸੰਗਤਾਂ ਮੌਜੂਦ ਸਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਰੀਬ 200 ਸਾਲ ਪਹਿਲਾਂ ਲੱਗੇ ਇਹ ਦਰਵਾਜ਼ੇ ਮੁਰੰਮਤ ਹੋਣ ਯੋਗ ਹਨ। ਅੰਤ੍ਰਿੰਗ ਕਮੇਟੀ ਦੇ ਫੈਸਲੇ ਅਨੁਸਾਰ ਇਨ੍ਹਾਂ ਦਰਵਾਜ਼ਿਆਂ ਦੀ ਮੁਰੰਮਤ ਦੀ ਸੇਵਾ ਕਾਰਸੇਵਾ ਵਾਲੇ ਬਾਬਾ ਕਸ਼ਮੀਰ ਸਿੰਘ ਜੀ ਭੂਰੀਵਾਲਿਆਂ ਨੂੰ ਸੌਂਪੀ ਗਈ ਸੀ ਜੋ ਅੱਜ ਉਨ੍ਹਾਂ ਨੇ ਬਕਾਇਦਾ ਅਰੰਭ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁਰੰਮਤ ਦੇ ਕਾਰਜ ਦੀ ਨਿਗਰਾਨੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਅੰਤ੍ਰਿੰਗ ਮੈਂਬਰ ਸ. ਰਜਿੰਦਰ ਸਿੰਘ ਮਹਿਤਾ, ਸ. ਰਣਯੋਧ ਸਿੰਘ ਲੁਧਿਆਣਾ, ਡਾ: ਗੁਰਨਾਮ ਸਿੰਘ ਮੁਖੀ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਦਲਮੇਘ ਸਿੰਘ ਖਟੜਾ ਤੇ ਸ. ਜੋਗਿੰਦਰ ਸਿੰਘ ਅਦਲੀਵਾਲ ’ਤੇ ਅਧਾਰਤ ਪੰਜ ਮੈਂਬਰੀ ਕਮੇਟੀ ਗਠਤ ਕੀਤੀ ਗਈ ਹੈ, ਜੋ ਤਕਨੀਕੀ ਮਾਹਰਾਂ ਦੀ ਰਾਏ ਅਨੁਸਾਰ ਸੇਵਾ ਦਾ ਕਾਰਜ ਕਰਵਾਏਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦਰਵਾਜ਼ਿਆਂ ਦੀ ਮੁਰੰਮਤ ਸਮੇਂ ਇਨ੍ਹਾਂ ਦੀ ਪੁਰਾਤਨਤਾ ਨੂੰ ਹੂ-ਬ-ਹੂ ਕਾਇਮ ਰੱਖਿਆ ਜਾਵੇਗਾ ਅਤੇ ਮੁਰੰਮਤ ਉਪਰੰਤ ਮੁੜ ਪਹਿਲਾਂ ਦੀ ਤਰ੍ਹਾਂ ਲਗਾ ਦਿੱਤੇ ਜਾਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਦਰਵਾਜ਼ਿਆਂ ਸਬੰਧੀ ਵਾਵੇਲਾ ਨਿਰਮੂਲ, ਮਨਘੜਤ ਤੇ ਬੇ-ਲੋੜਾ ਹੈ ਅਤੇ ਅਜਿਹਾ ਕੇਵਲ ਉਹੀ ਲੋਕ ਕਰ ਰਹੇ ਹਨ ਜਿਨ੍ਹਾਂ ਦਾ ਲੋਕਾਂ ’ਚ ਕੋਈ ਅਧਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਰਵਾਜ਼ਿਆਂ ਦੀ ਮੁਰੰਮਤ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਾਰਮਾ ’ਚ ਬਣੇ ਸ਼ੀਸ਼ੇ ਦੇ ਕੈਬਿਨ ’ਚ ਸੰਗਤਾਂ ਦੇ ਸਾਹਮਣੇ ਕੀਤੀ ਜਾਵੇਗੀ ਜਿਸ ਦੀ ਬਕਾਇਦਾ ਵੀਡਿਓ ਅਤੇ ਮਾਈਕਰੋ ਫਿਲਮਿੰਗ ਕਰਕੇ ਰਿਕਾਰਡ ’ਚ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਵਜੋਂ ਸਤਿਗੁਰਾਂ ਨੇ ਆਪਣੇ ਸੇਵਕ ਦੇ ਸਿਰ ’ਤੇ ਹੱਥ ਰੱਖ ਕੇ ਕਈ ਅਹਿਮ ਕਾਰਜਾਂ ਦੀ ਸੇਵਾ ਲਈ ਹੈ ਜਿਸ ਵਿਚ ਦਰਸ਼ਨੀ ਡਿਉੜੀ ਦੇ ਦਰਵਾਜ਼ਿਆਂ ਦੀ ਸੇਵਾ ਦਾ ਵੀ ਅਹਿਮ ਫੈਸਲਾ ਵੀ ਸ਼ਾਮਲ ਹੈ। ਉਨ੍ਹਾਂ ਸਤਿਗੁਰੂ ਦੇ ਚਰਨਾਂ ’ਚ ਅਰਦਾਸ ਕੀਤੀ ਕਿ ਉਹ ਆਪਣੇ ਸੇਵਕਾਂ ਦੇ ਸਿਰ ’ਤੇ ਹੱਥ ਰੱਖ ਕੇ ਆਪ ਸੇਵਾ ਲੈਣ। ਇਸ ਮੌਕੇ ਕਾਰਸੇਵਾ ਵਾਲੇ ਬਾਬਾ ਕਸ਼ਮੀਰ ਸਿੰਘ ਜੀ ਭੂਰੀਵਾਲਿਆਂ ਨੇ ਕਿਹਾ ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਤੇ ਸੰਗਤਾਂ ਦੇ ਸਹਿਯੋਗ ਅਤੇ ਮਾਹਰਾਂ ਦੀ ਰਾਏ ਅਨੁਸਾਰ ਸੇਵਾ ਇਹ ਮਹਾਨ ਕਾਰਜ ਘੱਟ ਤੋਂ ਘੱਟ ਸਮੇਂ ’ਚ ਮੁਕੰਮਲ ਕੀਤਾ ਜਾਵੇਗਾ ਉਨ੍ਹਾਂ ਨੇ ਇਸ ਮੌਕੇ ਪੁੱਜੀਆਂ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨੀ ਡਿਉੜੀ ਦੇ ਇਤਿਹਾਸਕ ਦਰਵਾਜ਼ਿਆਂ ਦੀ ਮੁਰੰਮਤ ਲਈ ਦਰਵਾਜ਼ੇ ਉਤਾਰਨ ਵੇਲੇ ਨਜ਼ਰ ਆ ਰਹੇ ਹਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ, ਬਾਬਾ ਕਸ਼ਮੀਰ ਸਿੰਘ ਜੀ ਭੂਰੀਵਾਲੇ, ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਜੀ ਖ਼ਾਲਸਾ ਤੇ ਹੋਰ।